ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ
(ਅਮਲਾ-4 ਸ਼ਾਖਾ)

ਵੱਲ

ਪੰਜਾਬ ਰਾਜ ਦੇ ਸਮੂਹ
ਜਿਲ੍ਹਾ ਸਿੱਖਿਆ ਅਫਸਰ(ਐਸਿ)

ਅਤਿ ਜਰੂਰੀ/ਮਿਤੀ ਬੱਧ

ਮੀਮੋ ਨੰ: 19/23-16 ਅ4 (5)
ਮਿਤੀ: 28-8-2017

ਵਿਸ਼ਾ: ਜੇ.ਬੀ.ਟੀ/ਈ.ਟੀ.ਟੀ ਤੋਂ ਮਾਸਟਰ ਕੇਡਰ ਦੀਆਂ ਤਰੱਕੀਆਂ ਸਬੰਧੀ।

ਹਵਾਲਾ: ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ)ਪੰਜਾਬ ਦੇ ਮੀਮੋਂ ਨੰ:24/13-16 ਅ 1(3)/1368 ਮਿਤੀ 14-08-2017.

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਜੇ.ਬੀ.ਟੀ/ਈ.ਟੀ.ਟੀ ਤੋਂ ਮਾਸਟਰ ਕਾਡਰ ਦੀ ਤਰੱਕੀ ਸੰਬੰਧੀ ਪ੍ਰਾਪਤ ਹੋਏ ਕੇਸਾਂ ਦੀ ਡੀ .ਪੀ ਆਈ (ਐ:ਸਿ),ਪੰਜਾਬ ਵੱਲੋਂ ਹਵਾਲਾ ਅਧੀਨ ਪੱਤਰ ਰਾਹੀਂ ਪ੍ਰਾਪਤ ਇੰਟਰਸੇ ਸੀਨੀਆਰਤਾ ਸੂਚੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰੀਆਂ ਦੇ ਨਾਂ ਸਾਹਮਣੇ ਲਗਾਏ ਗਏ ਇਤਰਾਜਾਂ ਦੀ ਪੂਰਤੀ ਕਰਕੇ ਦਸਤਾਵੇਜ ਤਸਦੀਕ ਕਰਨ ਉਪਰੰਤ ਮਿਤੀ 31-8-2017 ਨੂੰ ਸੰਬੰਧਤ ਡੀਲਿੰਗ ਹੈਂਡ ਰਾਹੀਂ ਇਸ ਦਫਤਰ ਵਿਖੇ ਪੁੱਜਦੇ ਕੀਤੇ ਜਾਣ।

2. ਇਸ ਤੋਂ ਇਲਾਵਾ ਇੰਟਰਸੇ ਵਿੱਚ ਦਰਜ ਸੰਬੰਧਤ ਅਧਿਆਪਕਾਂ ਦੇ ਵੇਰਵੇ ਪੂਰੀ ਤਰ੍ਹਾਂ ਚੈੱਕ ਕੀਤੇ ਜਾਣ ਅਤੇ ਕਿਸੇ ਤਰ੍ਹਾਂ ਦੀ ਤਰੁੱਟੀ ਜਾਂ ਸੋਧ ਲਈ ਤੁਰੰਤ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ। ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਇੰਟਰਸੇ ਵਿੱਚ ਇਤਰਾਜ ਦੂਰ ਕਰਨ ਤੋਂ ਇਲਾਵਾ ਜੇਕਰ ਕੋਈ ਵੀ ਹੋਰ ਸੀਨੀਅਰ ਯੋਗ ਅਧਿਆਪਕ/ਕਰਮਚਾਰੀ ਜੋ ਪ੍ਰੋਮੋਸ਼ਨ ਜੋਨ ਵਿਚ ਆਉਂਦਾ ਹੈ ਤਾਂ ਇਸ ਸੰਬੰਧੀ ਵੱਖਰੇ ਤੌਰ ਤੇ ਸੂਚਨਾ ਨਾਲ ਨੱਥੀ ਕਰਕੇ ਭੇਜੀ ਜਾਵੇ।

3. ਅਧਿਆਪਕਾਂ ਨੂੰ ਨੋਸ਼ਨਲ ਮਿਤੀ ਦਾ ਲਾਭ ਦੇਣ ਸੰਬੰਧੀ ਦਸਤਾਵੇਜ ਸੰਬੰਧਤ ਅਧਿਆਪਕ/ਸਕੂਲ ਪਾਸੋਂ ਪ੍ਰਾਪਤ ਅਤੇ ਜਿਲ੍ਹੇ ਦੇ ਰਿਕਾਰਡ ਦਾ ਮਿਲਾਣ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਇੰਟਰਸੇ ਸੀਨੀਆਰਤਾ ਵਿਚ ਬਣਦੇ ਇਤਰਾਜ ਨਿਯੁਕਤੀ ਸ਼ਰਤਾਂ ਅਨੁਸਾਰ ਸਹੀ ਢੰਗ ਨਾਲ ਦੂਰ ਕੀਤੇ ਜਾ ਸਕਣ।

4. ਮਿਤੀ 23-8-2010 ਤੋਂ ਬਾਅਦ ਨੋਕਰੀ ਵਿੱਚ ਆਉਣ ਵਾਲੇ ਸਾਇੰਸ, ਸੰਸਕ੍ਰਿਤ ਗਣਿਤ ਅਤੇ ਖੇਤੀਬਾੜੀ ਵਿਸ਼ੇ ਵਿੱਚ ਤਰੱਕੀ ਲੈਣ ਵਾਲੇ ਅਧਿਆਪਕਾਂ ਪਾਸੋਂ ( ਡੀ.ਪੀ.ਈ. ਵਿਸ਼ੇ ਵਿੱਚ ਤਰੱਕੀ ਲੈਣ ਤੋਂ ਇਲਾਵਾ) ਆਰ.ਟੀ.ਈ. ਐਕਟ ਤਹਿਤ ਐਨ.ਸੀ.ਟੀ.ਈ. ਵਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਪੀ.ਐਸ.ਟੀ.ਈ.ਟੀ.-2 ਟੈਸਟ ਪਾਸ ਸਰਟੀਫਿਕੇਟ ਲਗਾਇਆ ਜਾਵੇ।

5 ਇੰਟਰਸੇਅ ਵਿੱਚ ਸਾਮਲ ਅਧਿਆਪਕਾਂ ਵਿੱਚੋਂ ਚੱਲ ਰਹੀ ਤਰੱਕੀ ਦੀ ਪ੍ਰੀਕ੍ਰਿਆ ਦੌਰਾਨ ਜੇਕਰ ਕਿਸੇ ਅਧਿਆਪਕ ਵੱਲੋਂ ਹੈਡ ਟੀਚਰ ਜਾਂ ਹੋਰ ਵਿਭਾਗੀ ਤਰੱਕੀ ਲਈ ਗਈ ਹੈ ਤਾਂ ਇਸ ਸਬੰਧੀ ਵੀ ਮੁੰਕਮਲ ਵੇਰਵੇ ਵੱਖਰੇ ਤੌਰ ਤੇ ਭੇਜੇ ਜਾਣ ਅਤੇ ਇਹ ਸੁਨਿਸਚਤ ਕੀਤਾ ਜਾਵੇ ਕਿ ਨਿਯਮਾਂ ਅਨੁਸਾਰ, ਤਰੱਕੀ ਲਈ ਅਧਿਆਪਕ ਸਿਰਫ. ਜੇ .ਬੀ .ਟੀ /ਈ ਟੀ ਟੀ ਕਾਡਰ ਨਾਲ ਹੀ ਸਬੰਧਤ ਹਨ।

6 ਜਿਲ੍ਹਾ ਸਿੱਖਿਆ ਅਫਸਰ(ਐਸਿ) ਇਹ ਸਰਟੀਫਿਕੇਟ ਦੇਣਗੇ ਕਿ ਨਾਲ ਨੱਥੀ ਇੰਟਰ-ਸੇ ਸੂਚੀ ਵਿਚ ਦਰਸਾਏ ਗਏ ਅਧਿਆਪਕਾਂ ਦੇ ਵੇਰਵੇ ਸਹੀ ਅਤੇ ਦਰੁੱਸਤ ਹਨ, ਨਿਯੁਕਤੀ ਸੂਚੀਆਂ/ਹੁਕਮਾਂ ਵਿੱਚ

ਦਰਸਾਈ ਮੈਰਿਟ ਜਿਵੇਂ ਹਨ ਉਵੇਂ ਹੀ ਹੋਣ(ਉਦਾਹਰਣ ਦੀ ਤੌਰ ਤੇ ਨਿਯੁਕਤੀ ਸੂਚੀਆਂ /ਹੁਕਮਾਂ ਵਿੱਚ 65.789 ਨੂੰ 65.79 ਨਾਂ ਲਿਖਿਆ ਜਾਵੇ ਸਗੋਂ 65.789 ਹੀ ਲਿਖਿਆ ਜਾਵੇ ) ਅਤੇ ਇਹਨਾ ਦੀ ਮੁਢੱਲੀ ਨਿਯੁਕਤੀ/ਤਰੱਕੀਆਂ/ਸੇਵਾ ਮਾਮਲਿਆਂ ਸੰਬੰਧੀ ਮਾਨਯੋਗ ਅਦਾਲਤ ਵਿੱਚ ਕੋਈ ਕੋਰਟ ਕੇਸ ਨਹੀਂ ਚਲਦਾ ਹੈ ਅਤੇ ਕੋਰਟ ਕੇਸਾ ਰਾਂਹੀ ਇਹਨਾਂ ਵਿਚੋਂ ਨਿਯੁਕਤ ਹੋਏ ਅਧਿਆਪਕਾਂ ਸਬੰਧੀ ਇੰਟਰਸੇਅ ਨੰ: ਦਰਸਾ ਕੇ ਵੱਖਰੇ ਤੌਰ ਤੇ ਸੂਚਿਤ ਕਰਨਗੇ ਅਤੇ ਇਹ ਵੀ ਤਸਦੀਕ ਕਰਨਗੇ ਕਿ ਨੱਥੀ ਇੰਟਰ-ਸੇ ਸੂਚੀ ਵਿੱਚ ਦਰਸਾਏ ਗਏ ਅਧਿਆਪਕਾਂ ਤੋਂ ਇਲਾਵਾ ਹੋਰ ਕਿਸੇ ਯੋਗ ਸੀਨੀਅਰ ਅਧਿਆਪਕ ਦਾ ਤਰੱਕੀ ਲਈ ਕੇਸ ਭੇਜਣਾ ਬਕਾਇਆ ਨਹੀਂ ਹੈ। ਜੇਕਰ ਕਿਸੇ ਕਰਮਚਾਰੀ ਦਾ ਮਾਨਯੋਗ ਅਦਾਲਤ ਵਿਚ ਕੇਸ ਚੱਲ ਰਿਹਾ ਹੋਵੇ ਤਾਂ ਉਸ ਸੰਬੰਧੀ ਸੂਚਨਾਂ ਵੀ ਦਫਤਰ ਨੂੰ ਭੇਜਣੀ ਯਕੀਨੀ ਬਣਾਉਣਗੇ।

ਨੱਥੀ: ਇੰਟਰ-ਸੇ ਸੀਨੀਆਰਤਾ ਸੂਚੀ।
(ਕੁੱਲ = 862 ਪੰਨੇ)

ਡਾਇਰੈਕਟਰ ਸਿੱਖਿਆ ਵਿਭਾਗ(ਸ)
ਪੰਜਾਬ।

ਪਿੱਠ ਅੰਕਣ ਨੰ: ਉਕਤ ਮਿਤੀ ਉਕਤ

ਉਪਰੋਕਤ ਦਾ ਉਤਾਰਾਂ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਡੀ.ਪੀ.ਆਈ (ਐ:ਸਿ)ਪੰਜਾਬ ਨੂੰ ਭੇਜਿਆ ਜਾਂਦਾ ਹੈ।

— ਸਹੀ -
ਡਾਇਰੈਕਟਰ ਸਿੱਖਿਆ ਵਿਭਾਗ(ਸ)
ਪੰਜਾਬ।